ਹਰਿਆਣਾ ਦੀ ਤਰੱਕੀ ਤੇ ਜਨਤਾ ਦੀ ਖ਼ੁਸ਼ਹਾਲੀ ਸਾਡੀ ਸਾਂਝੀ ਮੰਜ਼ਿਲ: ਮੁੱਖ ਮੰਤਰੀ ਸੈਣੀ



ਦਸਨਸ, ਮੋਹਿਤ ਸ਼ਰਮਾ

ਚੰਡੀਗੜ੍ਹ/2 ਨਵੰਬਰ: ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜਨਪ੍ਰਤੀਨਿਧੀਆਂ ਦੇ ਰਾਜਨੀਤਿਕ ਰਾਹ ਅਤੇ ਵਿਚਾਰਧਾਰਾਵਾਂ ਵੱਖ-ਵੱਖ ਹੋ ਸਕਦੀਆਂ ਹਨ, ਪਰ ਹਰਿਆਣਾ ਦੀ ਪ੍ਰਗਤੀ ਅਤੇ ਪ੍ਰਦੇਸ਼ ਦੇ ਲੋਕਾਂ ਦੀ ਖੁਸ਼ਹਾਲੀ ਸਾਰਿਆਂ ਦੀ ਸਾਂਝੀ ਮੰਜ਼ਿਲ ਹੈ। ਸਾਡੀ ਸਾਰਿਆਂ ਦੀ ਪਛਾਣ ਇਸ ਗੱਲ ਤੋਂ ਹੈ ਕਿ ਅਸੀਂ ਹਰਿਆਣਾ ਦੀ ਜਨਤਾ ਦੇ ਨੁਮਾਇੰਦੇ ਹਾਂ। ਜਨਪ੍ਰਤੀਨਿਧੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਜਨਤਾ ਦੀਆਂ ਆਕਾਂਖਿਆਵਾਂ ਅਤੇ ਲੋੜਾਂ ਨੂੰ ਸਮਝਦੇ ਹੋਏ ਪ੍ਰਦੇਸ਼ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਣ।

ਮੁੱਖ ਮੰਤਰੀ ਸੋਮਵਾਰ ਨੂੰ ਪੰਚਕੂਲਾ ਦੇ ਇੰਦਰਧਨੁਸ਼ ਆਡੀਟੋਰੀਅਮ ਵਿੱਚ ਹਰਿਆਣਾ ਵਿਧਾਨ ਸਭਾ ਵੱਲੋਂ ਸੰਵਿਧਾਨ ਪਖਵਾੜੇ ਤਹਿਤ ਆਯੋਜਿਤ ਜਨਪ੍ਰਤੀਨਿਧੀ ਸੰਮੇਲਨ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਹਰਿਆਣਾ ਨੇ ਆਪਣੀ ਸਥਾਪਨਾ ਦੇ 60 ਸਾਲ ਪੂਰੇ ਕਰ ਲਏ ਹਨ। ਹੀਰਕ ਜਯੰਤੀ (ਡਾਇਮੰਡ ਜੁਬਲੀ) ਦੇ ਇਸ ਮੌਕੇ ਤੇ ਪ੍ਰਦੇਸ਼ ਵਾਸੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਸੰਮੇਲਨ ਸ਼ਾਨਦਾਰ ਅਤੀਤ ਤੋਂ ਪ੍ਰੇਰਨਾ ਲੈ ਕੇ ਭਵਿੱਖ ਦੀ ਦਿਸ਼ਾ ਤੈਅ ਕਰਨ ਦਾ ਮੌਕਾ ਹੈ।

ਸੰਮੇਲਨ ਵਿੱਚ ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਦੀ ਮੌਜੂਦਗੀ ਨਾਲ ਇਸ ਦੀ ਗਰਿਮਾ ਵਧੀ ਹੈ ਅਤੇ ਸੰਸਦੀ ਪ੍ਰਕਿਰਿਆਵਾਂ, ਸਦਨ ਦੀ ਮਰਿਆਦਾ ਅਤੇ ਜਨਪ੍ਰਤੀਨਿਧੀਆਂ ਦੇ ਫ਼ਰਜ਼ਾਂ ਤੇ ਉਨ੍ਹਾਂ ਦਾ ਮਾਰਗਦਰਸ਼ਨ ਸਾਰਿਆਂ ਲਈ ਕੀਮਤੀ ਹੈ।

ਉਨ੍ਹਾਂ ਦੱਸਿਆ ਕਿ ਹੀਰਕ ਜਯੰਤੀ ਸਮਾਰੋਹ ਵਿੱਚ ਦੇਸ਼ ਦੀ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਨੇ ਸ਼ਿਰਕਤ ਕਰਕੇ ਹਰਿਆਣਾ ਦੀ ਜਨਤਾ ਨੂੰ ਆਪਣਾ ਆਸ਼ੀਰਵਾਦ ਦਿੱਤਾ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਦੀ 60 ਸਾਲਾਂ ਦੀ ਵਿਕਾਸ ਯਾਤਰਾ ਸਿਰਫ਼ ਸੜਕਾਂ, ਸੰਸਥਾਵਾਂ ਅਤੇ ਉਦਯੋਗਾਂ ਦੇ ਵਿਸਥਾਰ ਦੀ ਕਹਾਣੀ ਨਹੀਂ ਹੈ, ਬਲਕਿ ਇਸ ਵਿੱਚ ਕਿਸਾਨਾਂ, ਮਜ਼ਦੂਰਾਂ, ਔਰਤਾਂ, ਨੌਜਵਾਨਾਂ ਅਤੇ ਆਮ ਨਾਗਰਿਕਾਂ ਦੀ ਮਿਹਨਤ ਵੀ ਸ਼ਾਮਲ ਹੈ।

ਖੇਤਾਂ ਦੀ ਹਰਿਆਲੀ ਤੋਂ ਲੈ ਕੇ ਉਦਯੋਗਾਂ ਦੀਆਂ ਉੱਚਾਈਆਂ ਤੱਕ, ਪਿੰਡਾਂ ਦੀਆਂ ਪਗਡੰਡੀਆਂ ਤੋਂ ਆਧੁਨਿਕ ਐਕਸਪ੍ਰੈੱਸ-ਵੇਅ ਤੱਕ ਅਤੇ ਅਖਾੜਿਆਂ ਦੀ ਮਿੱਟੀ ਤੋਂ ਵਿਸ਼ਵ ਦੇ ਖੇਡ ਮੰਚਾਂ ਤੱਕ ਹਰਿਆਣਾ ਨੇ ਆਪਣੀ ਮਿਹਨਤ, ਹੌਸਲੇ ਅਤੇ ਸੰਕਲਪ ਨਾਲ ਪ੍ਰਗਤੀ ਦੇ ਨਵੇਂ ਅਧਿਆਏ ਲਿਖੇ ਹਨ। ਪ੍ਰਦੇਸ਼ ਦੀਆਂ ਪ੍ਰਾਪਤੀਆਂ ਦੀ ਨੀਂਹ ਉਨ੍ਹਾਂ ਚਰਚਾਵਾਂ, ਫ਼ੈਸਲਿਆਂ ਅਤੇ ਕਾਨੂੰਨਾਂ ਨਾਲ ਵੀ ਪਈ ਹੈ, ਜਿਨ੍ਹਾਂ ਨੂੰ ਜਨਪ੍ਰਤੀਨਿਧੀਆਂ ਨੇ ਵਿਧਾਨ ਸਭਾ ਵਿੱਚ ਰੂਪ ਦਿੱਤਾ।

ਬਨੂੜ ਮੰਡੀ 'ਚ ਝੋਨੇ ਦੀ ਖ਼ਰੀਦ ਬੰਦ: 7 ਹਜ਼ਾਰ ਕੁਇੰਟਲ ਤੋਂ ਵੱਧ ਝੋਨਾ ਪਿਆ ਅਣਵਿਕਿਆ

ਕਿਸਾਨ ਤੇ ਆੜ੍ਹਤੀ ਪਰੇਸ਼ਾਨ, ਕਿਸਾਨ ਸਭਾ ਵੱਲੋਂ ਸੰਘਰਸ਼ ਦੀ ਚਿਤਾਵਨੀ



ਅਵਤਾਰ ਸਿੰਘ

ਬਨੂੜ/2 ਨਵੰਬਰ: ਬਨੂੜ ਦੀ ਅਨਾਜ ਮੰਡੀ ਵਿਚ ਅੱਜ ਝੋਨੇ ਦੀ ਖ਼ਰੀਦ ਨਹੀਂ ਹੋਈ। ਮੰਡੀ ਵਿਚ ਪਨਗਰੇਨ ਅਤੇ ਮਾਰਕਫੈੱਡ ਵੱਲੋਂ ਝੋਨਾ ਖ਼ਰੀਦਿਆ ਜਾ ਰਿਹਾ ਹੈ। ਦੋਹਾਂ ਏਜੰਸੀਆਂ ਨੇ ਅੱਜ ਝੋਨਾ ਨਹੀਂ ਖ਼ਰੀਦਿਆ।

ਝੋਨਾ ਨਾ ਖਰੀਦੇ ਜਾਣ ਦਾ ਕਾਰਨ ਮੰਡੀ ਵਿਚ ਝੋਨੇ ਦੀ ਖ਼ਰੀਦ ਲਈ ਨਿਰਧਾਰਿਤ ਕੀਤਾ ਗਿਆ 3,10,980 ਕੁਇੰਟਲ ਝੋਨਾ ਪੂਰਾ ਹੋਣਾ ਦੱਸਿਆ ਜਾ ਰਿਹਾ ਹੈ। ਮੰਡੀ ਵਿਚ ਹੁਣ ਤੱਕ 3,10,839 ਕੁਇੰਟਲ ਝੋਨਾ ਖ਼ਰੀਦਿਆ ਜਾ ਚੁੱਕਾ ਹੈ।

ਮਾਰਕੀਟ ਕਮੇਟੀ ਦੇ ਰਿਕਾਰਡ ਅਨੁਸਾਰ 7 ਹਜ਼ਾਰ ਕੁਇੰਟਲ ਝੋਨਾ ਹਾਲੇ ਵਿਕਰੀ ਲਈ ਪਿਆ ਹੈ ਅਤੇ ਪੰਜ ਤੋਂ ਸੱਤ ਹਜ਼ਾਰ ਕੁਇੰਟਲ ਮੰਡੀ ਵਿੱਚ ਰੋਜ਼ਾਨਾਂ ਝੋਨੇ ਦੀ ਆਮਦ ਹੋ ਰਹੀ ਹੈ। ਇਸੇ ਤਰਾਂ ਇਸ ਖੇਤਰ ਦੇ ਪਿੰਡਾਂ ਵਿਚ ਹਾਲੇ ਝੋਨੇ ਦੀ ਕਟਾਈ ਵੀ ਬਾਕੀ ਪਈ ਹੈ। ਅੱਧਵਾਟੇ ਮੰਡੀ ਬੰਦ ਹੋਣ ਕਾਰਨ ਕਿਸਾਨ ਅਤੇ ਆੜ੍ਹਤੀ ਪ੍ਰੇਸ਼ਾਨ ਹਨ।

ਇਸੇ ਤਰਾਂ ਮਾਰਕੀਟ ਕਮੇਟੀ ਬਨੂੜ ਅਧੀਨ ਪੈਂਦੀ ਖੇੜਾ ਗੱਜੂ ਦੀ ਮੰਡੀ ਵਿਚ ਵੀ ਅੱਜ ਝੋਨੇ ਦੀ ਖ਼ਰੀਦ ਬੰਦ ਹੋ ਗਈ। ਇੱਥੇ ਵੀ ਹਾਲੇ ਝੋਨਾ ਅਣਵਿਕਿਆ ਪਿਆ ਹੈ। ਝੋਨਾ ਵੇਚਣ ਆਏ ਕਿਸਾਨਾਂ ਨੇ ਦੱਸਿਆ ਕਿ ਅਜਿਹਾ ਪਹਿਲੀ ਵੇਰ ਹੋਇਆ ਹੈ ਕਿ ਝੋਨੇ ਦੇ ਚੱਲਦੇ ਸੀਜ਼ਨ ਵਿਚ ਹੀ ਮੰਡੀਆਂ ਵਿਚ ਖ਼ਰੀਦ ਬੰਦ ਕੀਤੀ ਗਈ ਹੋਵੇ।

ਕਿਸਾਨ ਸਭਾ ਦੇ ਸੂਬਾ ਆਗੂ ਗੁਰਦਰਸ਼ਨ ਸਿੰਘ ਖ਼ਾਸਪੁਰ, ਜਗੀਰ ਸਿੰਘ ਹੰਸਾਲਾ, ਸੱਤਪਾਲ ਸਿੰਘ ਰਾਜੋਮਾਜਰਾ, ਮੋਹਨ ਸਿੰਘ ਸੋਢੀ ਆਦਿ ਨੇ ਮੰਡੀਆਂ ਵਿਚ ਖ਼ਰੀਦ ਬੰਦ ਕਰਨ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਤੇ ਪ੍ਰਸ਼ਾਸਨ ਮੰਡੀਆਂ ਵਿਚੋਂ ਝੋਨੇ ਦਾ ਦਾਣਾ ਦਾਣਾ ਖ਼ਰੀਦਣ ਦੇ ਦਾਅਵੇ ਕਰ ਰਹੇ ਹਨ ਪਰ ਹਕੀਕਤ ਵਿਚ ਇਸ ਤੋਂ ਉਲਟ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਝੋਨੇ ਦਾ ਝਾੜ ਵੱਧ ਨਿਕਲਣ ਕਾਰਨ ਜੇਕਰ ਟੀਚਾ ਪਹਿਲਾਂ ਪੂਰਾ ਹੋ ਗਿਆ ਤਾਂ ਇਸ ਵਿਚ ਕਿਸਾਨਾਂ ਦਾ ਕੀ ਕਸੂਰ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਤੁਰੰਤ ਝੋਨੇ ਦੀ ਮੁੜ ਖ਼ਰੀਦ ਨਾ ਆਰੰਭੀ ਗਈ ਤਾਂ ਕਿਸਾਨ ਸਭਾ ਕੌਮੀ ਮਾਰਗ ਤੇ ਜਾਮ ਲਾਉਣ ਅਤੇ ਤਿੱਖੇ ਸੰਘਰਸ਼ ਤੋਂ ਗੁਰੇਜ਼ ਨਹੀਂ ਕਰੇਗੀ।

ਨਸ਼ੇ ਦੀਆਂ ਦਵਾਈਆਂ ਦੀ ਵਿਕਰੀ ਰੋਕਣ ਲਈ 3 ਮੈਡੀਕਲ ਸਟੋਰਾਂ ਦੀ ਜਾਂਚ

1 ਫਰਮ 'ਚੋਂ 3.30 ਲੱਖ ਰੁਪਏ ਦੀਆਂ ਦਵਾਈਆਂ ਜ਼ਬਤ



ਰੋਮੀ ਕਪੂਰ, ਸੁਰਿੰਦਰ ਦਮਦਮੀ

ਫ਼ਰੀਦਕੋਟ/2 ਨਵੰਬਰ: ਜ਼ਿਲ੍ਹਾ ਡਰੱਗ ਕੰਟਰੋਲ ਅਫਸਰ ਹਰਜਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜ਼ਿਲ੍ਹਾ ਫ਼ਰੀਦਕੋਟ ਵਿੱਚ ਨਸ਼ੀਲੀਆਂ ਦਵਾਈਆਂ ਦੀ ਗੈਰ-ਕਾਨੂੰਨੀ ਵਿਕਰੀ ਨੂੰ ਰੋਕਣ ਅਤੇ ਦਵਾਈਆਂ ਦੀ ਵਿਕਰੀ ਸਬੰਧੀ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਦੇ ਮਕਸਦ ਨਾਲ ਅੱਜ ਸਿਟੀ ਫ਼ਰੀਦਕੋਟ ਪੁਲਿਸ ਦੇ ਅਧਿਕਾਰੀਆਂ ਦੇ ਸਹਿਯੋਗ ਨਾਲ ਤਿੰਨ ਮੈਡੀਕਲ ਫਰਮਾਂ ਦੀ ਜਾਂਚ ਕੀਤੀ ਗਈ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਡੋਗਰ ਬਸਤੀ ਸਥਿਤ ਸਿੰਗਲਾ ਮੈਡੀਕਲ ਸਟੋਰ ਵਿਖੇ ਕੋਈ ਆਮ ਬੇਨਿਯਮੀ ਸਾਹਮਣੇ ਨਹੀਂ ਆਈ, ਜਦਕਿ ਇਸੇ ਇਲਾਕੇ ਵਿੱਚ ਰਾਜਾ ਮੈਡੀਕਲ ਏਜੰਸੀ ਵਿਖੇ ਕੁਝ ਆਮ ਕਿਸਮ ਦੀਆਂ ਬੇਨਿਯਮੀਆਂ ਪਾਈਆਂ ਗਈਆਂ। ਉਨ੍ਹਾਂ ਅੱਗੇ ਦੱਸਿਆ ਕਿ ਐਲ.ਆਈ.ਸੀ. ਵਾਲੀ ਗਲੀ ਸਥਿਤ ਟਰੂ ਐਕਟ ਫਾਰਮਾ ਦੀ ਜਾਂਚ ਦੌਰਾਨ ਫਰਮ ਵੱਲੋਂ ਕੁਝ ਦਵਾਈਆਂ ਦੇ ਸਬੰਧਤ ਹੱਥੀਂ ਦਰਜ ਕੀਤੇ ਵਿਕਰੀ ਰਿਕਾਰਡ ਪੇਸ਼ ਨਹੀਂ ਕੀਤੇ ਗਏ। ਇਸ ਤੋਂ ਇਲਾਵਾ 28 ਫਰਵਰੀ 2025 ਦੀ ਨੋਟੀਫਿਕੇਸ਼ਨ ਅਨੁਸਾਰ ਇਨ੍ਹਾਂ ਦਵਾਈਆਂ ਸਬੰਧੀ ਲਾਜ਼ਮੀ ਮਹੀਨਾਵਾਰ ਰਿਪੋਰਟ ਵੀ ਜਮ੍ਹਾਂ ਨਹੀਂ ਕਰਵਾਈ ਗਈ ਸੀ। ਇਸ ਤੇ ਕਾਰਵਾਈ ਕਰਦਿਆਂ ਵਿਭਾਗ ਵੱਲੋਂ ਫਾਰਮ-16 ਤਹਿਤ ਦੋ ਕਿਸਮਾਂ ਦੀਆਂ ਦਵਾਈਆਂ ਜ਼ਬਤ ਕੀਤੀਆਂ ਗਈਆਂ।

ਜ਼ਬਤ ਕੀਤੀਆਂ ਦਵਾਈਆਂ ਵਿੱਚ ਐਕਟੀਨੋਰਮ (ਕਲੋਰਡਾਇਜ਼ੈਪੋਕਸਾਈਡ ਅਤੇ ਡਾਈਸਾਈਕਲੋਮਾਈਨ) ਅਤੇ ਬੈਂਜ਼ਪ੍ਰੋ-ਐੱਫ.ਐੱਮ. (ਫਲੂਪੈਂਟਿਕਸੋਲ) ਸ਼ਾਮਲ ਹਨ। ਇਨ੍ਹਾਂ ਦੀ ਕੁੱਲ ਮਾਤਰਾ 48,990 ਗੋਲੀਆਂ ਹੈ, ਜਿਨ੍ਹਾਂ ਦੀ ਅੰਦਾਜ਼ਨ ਕੀਮਤ 3,30,687 ਰੁਪਏ ਬਣਦੀ ਹੈ।

ਜ਼ਿਲ੍ਹਾ ਡਰੱਗ ਕੰਟਰੋਲ ਅਫਸਰ ਹਰਜਿੰਦਰ ਸਿੰਘ ਨੇ ਅੱਗੇ ਦੱਸਿਆ ਕਿ ਦਵਾਈਆਂ ਦੀ ਵਿਕਰੀ ਅਤੇ ਰਿਕਾਰਡ ਸਬੰਧੀ ਨਿਯਮਾਂ ਦੀ ਉਲੰਘਣਾ ਕਰਨ ਵਾਲੀਆਂ ਫਰਮਾਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ ਅਤੇ ਅਜਿਹੀਆਂ ਜਾਂਚ ਮੁਹਿੰਮਾਂ ਲਗਾਤਾਰ ਜਾਰੀ ਰਹਿਣਗੀਆਂ।

ਡੱਬਵਾਲੀ ਵਿਖੇ ਮਕਾਨ 'ਚ ਲੁਕੋ ਕੇ ਰੱਖੇ 119 ਕਿਲੋ ਤੋਂ ਵੱਧ ਪਟਾਕੇ ਬਰਾਮਦ

ਰਿਹਾਇਸ਼ੀ ਇਲਾਕੇ 'ਚੋਂ ਦੂਜੀ ਵੱਡੀ ਬਰਾਮਦਗੀ, ਕੇਸ ਦਰਜ



ਇਕਬਾਲ ਸਿੰਘ ਸ਼ਾਂਤ

ਡੱਬਵਾਲੀ/2 ਨਵੰਬਰ: ਦੀਵਾਲੀ ਤੋਂ ਪਹਿਲਾਂ ਡੱਬਵਾਲੀ ਦੇ ਰਿਹਾਇਸ਼ੀ ਇਲਾਕਿਆਂ 'ਚ ਨਾਜਾਇਜ਼ ਤੌਰ 'ਤੇ ਪਟਾਕੇ ਸਟੋਰ ਕਰਨ ਦਾ ਸਿਲਸਿਲਾ ਰੁਕਣ ਦਾ ਨਾਂਅ ਨਹੀਂ ਲੈ ਰਿਹਾ। ਸੀਆਈਏ ਡੱਬਵਾਲੀ ਨੇ ਸ਼ਹਿਰ ਦੀ ਰਾਮ ਨਗਰ ਕਲੋਨੀ ਸਥਿਤ ਇਕ ਮਕਾਨ ਵਿੱਚ ਛਾਪਾ ਮਾਰ ਕੇ 119 ਕਿਲੋ 310 ਗ੍ਰਾਮ ਪਟਾਕੇ ਅਤੇ ਆਤਿਸ਼ਬਾਜ਼ੀ ਦਾ ਸਾਮਾਨ ਬਰਾਮਦ ਕੀਤਾ ਹੈ। ਸਿਟੀ ਪੁਲਿਸ ਨੇ ਮੁਲਜ਼ਮ ਗੁਲਸ਼ਨ ਕੁਮਾਰ ਖ਼ਿਲਾਫ਼ ਬੀਐਨਐਸ ਦੀ ਧਾਰਾ 288 ਤੇ ਵਿਸਫੋਟਕ ਐਕਟ, 1884 ਦੀ ਧਾਰਾ 9(ਬੀ) ਤਹਿਤ ਕੇਸ ਦਰਜ ਕੀਤਾ ਹੈ।

ਪੁਲਿਸ ਬੁਲਾਰੇ ਅਨੁਸਾਰ ਸੀਆਈਏ ਡੱਬਵਾਲੀ 'ਚ ਤਾਇਨਾਤ ਏਐਸਆਈ ਬੇਅੰਤ ਸਿੰਘ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਫਾਇਰ ਬ੍ਰਿਗੇਡ ਦੀ ਟੀਮ ਨੂੰ ਨਾਲ ਲੈ ਕੇ ਰਾਮਨਗਰ ਕਲੋਨੀ ਸਥਿਤ ਇੱਕ ਮਕਾਨ 'ਚ ਸਾਂਝੇ ਤੌਰ 'ਤੇ ਛਾਪਾ ਮਾਰਿਆ। ਤਲਾਸ਼ੀ ਦੌਰਾਨ ਉਥੋਂ ਵੱਖ-ਵੱਖ ਕਿਸਮਾਂ ਦੀ ਆਤਿਸ਼ਬਾਜ਼ੀ ਤੇ ਪਟਾਕਿਆਂ ਦੇ ਕੁੱਲ 34 ਪੈਕੇਟ ਬਰਾਮਦ ਹੋਏ। ਇਨ੍ਹਾਂ 'ਚ ਬੁਲੇਟ ਬੰਬ, ਵੱਖ-ਵੱਖ ਬ੍ਰਾਂਡਾਂ ਦੇ ਪਟਾਕੇ ਤੇ ਹੋਰ ਆਤਿਸ਼ਬਾਜ਼ੀ ਦਾ ਸਾਮਾਨ ਸ਼ਾਮਲ ਸੀ। ਮੁਲਜ਼ਮ ਗੁਲਸ਼ਨ ਕੁਮਾਰ ਪਟਾਕਿਆਂ ਦੀ ਸਟੋਰੇਜ ਤੇ ਵਿਕਰੀ ਸਬੰਧੀ ਕੋਈ ਵੀ ਜਾਇਜ਼ ਲਾਇਸੈਂਸ ਜਾਂ ਦਸਤਾਵੇਜ਼ ਪੇਸ਼ ਨਹੀਂ ਕਰ ਸਕਿਆ। ਬਰਾਮਦ ਸਾਮਾਨ ਦਾ ਬੋਰੀਆਂ, ਗੱਤੇ ਅਤੇ ਪੈਕਿੰਗ ਸਮੇਤ ਕੁੱਲ ਭਾਰ 119 ਕਿਲੋ 310 ਗ੍ਰਾਮ ਪਾਇਆ ਗਿਆ।

ਜ਼ਿਕਰਯੋਗ ਹੈ ਕਿ ਕਰੀਬ ਦੋ ਦਿਨ ਪਹਿਲਾਂ ਵਾਰਡ ਨੰਬਰ 4 ਦੇ ਇੱਕ ਰਿਹਾਇਸ਼ੀ ਮਕਾਨ 'ਚੋਂ ਵੀ ਕਰੀਬ 120 ਕਿਲੋ 200 ਗ੍ਰਾਮ ਪਟਾਕੇ ਅਤੇ ਵਿਸਫੋਟਕ ਸਮੱਗਰੀ ਬਰਾਮਦ ਕੀਤੀ ਗਈ ਸੀ। ਉਸ ਖੇਪ 'ਚ ਆਤਿਸ਼ਬਾਜ਼ੀ ਦੇ 566 ਪੈਕੇਟ ਸ਼ਾਮਲ ਸਨ। ਤਿੰਨ ਦਿਨਾਂ ਦੇ ਅੰਦਰ ਰਿਹਾਇਸ਼ੀ ਇਲਾਕਿਆਂ 'ਚੋਂ ਦੂਜੀ ਵੱਡੀ ਖੇਪ ਬਰਾਮਦ ਹੋਣ ਨਾਲ ਸ਼ਹਿਰ ਦੀ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ।

ਨਵਦੀਪ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੂਨਕ ਦੇ ਖਿਡਾਰੀਆਂ ਨੇ ਖੇਡ ਮੁਕਾਬਲਿਆਂ 'ਚ ਮਾਰੀਆਂ ਮੱਲਾਂ



ਸਨਾਇਆ ਪੰਜਵੀਂ ਜਮਾਤ | ਗੁਰਨੂਰ ਪੰਜਵੀਂ ਜਮਾਤ | ਸਾਦੀਆ ਸੈਣੀ ਸੱਤਵੀਂ ਜਮਾਤ | ਸਿਮਰਨਪ੍ਰੀਤ ਕੌਰ ਨੌਵੀਂ ਜਮਾਤ

ਸੁਰਿੰਦਰ, ਗੁਲਸ਼ਨ ਗਰਗ

ਮੂਨਕ/2 ਨਵੰਬਰ: ਨਵਦੀਪ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਮੂਨਕ ਦੇ ਹੋਣਹਾਰ ਖਿਡਾਰੀਆਂ ਨੇ 'ਖੇਡਾਂ ਵਤਨ ਪੰਜਾਬ ਦੀਆਂ' ਅਤੇ ਸਕੂਲੀ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵੱਖ-ਵੱਖ ਤਗਮੇ ਜਿੱਤ ਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਦੀ ਪੰਜਵੀਂ ਜਮਾਤ ਦੀ ਵਿਦਿਆਰਥਣ ਸਨਾਇਆ ਨੇ ਯੋਗਾ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਸੋਨੇ ਦਾ ਤਗਮਾ ਜਿੱਤ ਕੇ ਰਾਜ ਪੱਧਰੀ ਮੁਕਾਬਲਿਆਂ ਲਈ ਆਪਣੀ ਜਗ੍ਹਾ ਪੱਕੀ ਕੀਤੀ। ਪੰਜਵੀਂ ਜਮਾਤ ਦੇ ਹੀ ਹੋਣਹਾਰ ਖਿਡਾਰੀ ਗੁਰਨੂਰ ਨੇ ਵੀ ਯੋਗਾ ਵਿੱਚ ਜ਼ਿਲ੍ਹਾ ਪੱਧਰ 'ਤੇ ਸੋਨੇ ਦਾ ਤਗਮਾ ਜਿੱਤਿਆ ਅਤੇ ਰਾਜ ਪੱਧਰੀ ਮੁਕਾਬਲਿਆਂ ਲਈ ਚੁਣਿਆ ਗਿਆ।

ਇਸੇ ਤਰ੍ਹਾਂ ਸੱਤਵੀਂ ਜਮਾਤ ਦੀ ਵਿਦਿਆਰਥਣ ਸਾਦੀਆ ਸੈਣੀ ਨੇ ਤੀਰਅੰਦਾਜ਼ੀ (ਆਰਚਰੀ) ਵਿੱਚ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਉਂਦਿਆਂ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਚਾਂਦੀ ਦਾ ਤਗਮਾ ਅਤੇ ਸਕੂਲੀ ਖੇਡ ਮੁਕਾਬਲਿਆਂ ਵਿੱਚ ਕਾਂਸੀ ਦਾ ਤਗਮਾ ਹਾਸਲ ਕਰਕੇ ਸ਼ਾਨਦਾਰ ਪ੍ਰਾਪਤੀ ਦਰਜ ਕੀਤੀ।

ਇਸ ਤੋਂ ਇਲਾਵਾ ਨੌਵੀਂ ਜਮਾਤ ਦੀ ਵਿਦਿਆਰਥਣ ਸਿਮਰਨਪ੍ਰੀਤ ਕੌਰ ਨੇ ਪਾਵਰਲਿਫਟਿੰਗ ਵਿੱਚ ਬੇਮਿਸਾਲ ਪ੍ਰਦਰਸ਼ਨ ਕਰਦਿਆਂ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਸੋਨੇ ਦਾ ਤਗਮਾ ਆਪਣੇ ਨਾਮ ਕੀਤਾ। ਉਸ ਨੇ ਸਕੂਲੀ ਖੇਡਾਂ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਵੀ ਸੋਨੇ ਦਾ ਤਗਮਾ ਜਿੱਤ ਕੇ ਰਾਜ ਪੱਧਰੀ ਮੁਕਾਬਲਿਆਂ ਲਈ ਚੋਣ ਕਰਵਾਈ।

ਇਨ੍ਹਾਂ ਸ਼ਾਨਦਾਰ ਪ੍ਰਾਪਤੀਆਂ 'ਤੇ ਸਕੂਲ ਦੇ ਡਾਇਰੈਕਟਰ ਸ੍ਰੀ ਮਨਿੰਦਰ ਸਿੰਘ ਕਾਲੇਕਾ ਅਤੇ ਪ੍ਰਿੰਸੀਪਲ ਸ੍ਰੀਮਤੀ ਗੁਰਜੀਤ ਕੌਰ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਮਿਹਨਤ, ਲਗਨ ਅਤੇ ਖੇਡ ਭਾਵਨਾ ਦੀ ਭਰਪੂਰ ਸ਼ਲਾਘਾ ਕੀਤੀ।

ਜਨਮ ਦਿਨ ਮੁਬਾਰਕ



ਜ਼ੋਰਾਵਰ ਸਿੰਘ ਸੋਹਲ

ਸਕੂਲ ਆਫ਼ ਐਮੀਨੈਂਸ ਬੋਹਾ ਦੀਆਂ ਰਾਈਫ਼ਲ ਸ਼ੂਟਿੰਗ ਖਿਡਾਰਨਾਂ ਨੇ ਜ਼ਿਲ੍ਹਾ ਮਾਨਸਾ ਦਾ ਨਾਂ ਰੌਸ਼ਨ ਕੀਤਾ



ਅਮਨ ਮਹਿਤਾ

ਬੁਢਲਾਡਾ/2 ਨਵੰਬਰ: ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ 70 ਵੀਆਂ ਪੰਜਾਬ ਰਾਜ ਰਾਈਫ਼ਲ ਸ਼ੂਟਿੰਗ ਖੇਡਾਂ ਦੇ ਮੁਕਾਬਲਿਆਂ ਵਿੱਚ ਸ਼ਹੀਦ ਜਗਸੀਰ ਸਿੰਘ ਸਕੂਲ ਆਫ਼ ਐਮੀਨੈਂਸ, ਬੋਹਾ ਦੀਆਂ ਖਿਡਾਰਨਾਂ ਨੇ ਰੂਪਨਗਰ ਵਿਖੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਟੀਮ ਦੇ ਤੌਰ ਤੇ ਵੀ ਦੂਸਰਾ ਸਥਾਨ ਪ੍ਰਾਪਤ ਕਰਕੇ ਜ਼ਿਲ੍ਹਾ ਮਾਨਸਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਕੰਵਲਜੀਤ ਕੌਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਸਟੇਟ ਐਵਾਰਡੀ ਬਲਵਿੰਦਰ ਸਿੰਘ ਲੈਕਚਰਾਰ ਪੰਜਾਬੀ ਦੀ ਸਿਖਲਾਈ ਰਾਹੀਂ ਲੜਕੀਆਂ ਦੇ ਅੰਡਰ 19 ਉਮਰ ਵਰਗ ਦੇ ਏਅਰ ਰਾਈਫ਼ਲ ਓਪਨ ਸਾਈਟ ਈਵੈਂਟ ਵਿੱਚ ਜੈਸਮੀਨ ਕੌਰ ਅਤੇ ਜਸ਼ਨਦੀਪ ਕੌਰ ਨੇ ਟੀਮ ਦੇ ਤੌਰ ਤੇ 890 ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਪ੍ਰਾਪਤ ਕੀਤਾ। ਜ਼ਿਕਰਯੋਗ ਹੈ ਕਿ ਬੋਹਾ ਸਕੂਲ ਦੇ ਖਿਡਾਰੀਆਂ ਨੇ ਅੱਜ ਤੱਕ ਰਾਈਫ਼ਲ ਸ਼ੂਟਿੰਗ ਦੇ ਰਾਜ ਪੱਧਰੀ ਮੁਕਾਬਲਿਆਂ ਵਿੱਚ 18 ਤਗ਼ਮੇ ਅਤੇ ਰਾਸ਼ਟਰ ਪੱਧਰ ਦੇ ਰਾਈਫ਼ਲ ਸ਼ੂਟਿੰਗ ਮੁਕਾਬਲਿਆਂ ਵਿੱਚ ਇੱਕ ਤਗਮਾ ਪ੍ਰਾਪਤ ਕਰ ਚੁੱਕੇ ਹਨ ਅਤੇ ਸੈਸ਼ਨ 2024-2025 ਦੌਰਾਨ ਰਾਸ਼ਟਰ ਪੱਧਰੀ ਮੁਕਾਬਲਿਆਂ ਵਿੱਚ ਮੱਧ ਪ੍ਰਦੇਸ਼ ਵਿਖੇ ਭਾਗ ਵੀ ਲਿਆ ਹੈ। ਸੰਸਥਾ ਦੇ ਮੁਖੀ ਅਤੇ ਸਾਬਕਾ ਪ੍ਰਿੰਸਪੀਲ ਹਰਿੰਦਰ ਸਿੰਘ ਭੁੱਲਰ ਨੇ ਇਸ ਪ੍ਰਾਪਤੀ ਲਈ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਸ਼ੂਟਿੰਗ ਖੇਡ ਦੀ ਤਿਆਰੀ ਕਰਵਾਉਣ ਵਾਲੇ ਬਲਵਿੰਦਰ ਸਿੰਘ ਬੁਢਲਾਡਾ (ਸਟੇਟ ਐਵਾਰਡੀ) ਲੈਕਚਰਾਰ ਪੰਜਾਬੀ ਦੇ ਕਾਰਜ ਦੀ ਪ੍ਰਸੰਸਾ ਕੀਤੀ।ਇਸ ਮੌਕੇ ਚੇਅਰਮੈਨ ,ਉਪ ਚੇਅਰਮੈਨ ਅਤੇ ਸਮੂਹ ਮੈਂਬਰ ਸਾਹਿਬਾਨ ਸਕੂਲ ਮੈਨੇਜਮੈਂਟ ਕਮੇਟੀ ਬੋਹਾ ਨੇ ਵੀ ਜੇਤੂ ਖਿਡਾਰੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਸ਼ੂਟਿੰਗ ਦੀ ਸਿਖਲਾਈ ਪ੍ਰਦਾਨ ਕਰਨ ਵਾਲੇ ਅਧਿਆਪਕ ਦੀ ਵੀ ਪ੍ਰਸੰਸਾ ਕੀਤੀ। ਇਸ ਪ੍ਰਾਪਤੀ ਲਈ ਸਕੂਲ ਦੇ ਗਗਨਪ੍ਰੀਤ ਵਰਮਾ ਜ਼ੋਨ ਸਕੱਤਰ ਬੋਹਾ , ਅਮਨਦੀਪ ਕੌਰ ਲੈਕਚਰਾਰ ਅੰਗਰੇਜ਼ੀ, ਸੁਨੀਤਾ ਰਾਣੀ , ਵਨੀਤ ਕੁਮਾਰ,ਪਰਮਜੀਤ ਕੌਰ, ਜਸਵਿੰਦਰ ਸਿੰਘ ਡੀ.ਪੀ. ਈ. ,ਬਲਜੀਤ ਸਿੰਘ, ਰੁਪਿੰਦਰ ਕੌਰ, ਰੂਬੀ,ਅਵਤਾਰ ਸਿੰਘ,ਅਮਰੀਕ ਸਿੰਘ,ਮਨਜੀਤ ਸਿੰਘ,ਅਮਨਦੀਪ ਕੌਰ ਬੁਢਲਾਡਾ, ਗਗਨਦੀਪ ਕੌਰ,ਰਜਨੀ ਬਾਲਾ, ਅਕਾਂਕਸ਼ਾ ਗਰਗ, ਸੁਨੀਲ ਕੁਮਾਰ, ਕਿਰਨ ਕੌਰ, ਕਮਲਜੀਤ ਕੌਰ, ਗੀਤੂ ਰਾਣੀ, ਰਾਜਵੀਰ ਕੌਰ,ਸੁਮਨਦੀਪ ਕੌਰ,ਸਾਹਿਬ ਸਿੰਘ,ਅਜੈਪਾਲ ਸਿੰਘ,ਹਰਦੀਪ ਸਿੰਘ, ਪਵਨਦੀਪ ਸਿੰਘ, ਨਸੀਬ ਕੌਰ,ਮਨਜੀਤ ਕੌਰ,ਰੁਲਦੂ ਸਿੰਘ,ਜਗਸੀਰ ਸਿੰਘ ਕੈਂਪਸ ਮੈਨੇਜਰ, ਭਗੌਤੀ ਸਿੰਘ ਅਤੇ ਬਾਦਲ ਸਿੰਘ ਸੁਰੱਖਿਆ ਗਾਰਡ ਨੇ ਵੀ ਵਧਾਈਆਂ ਦਿੱਤੀਆਂ।

ਗੁਰਦਰਸ਼ਨ ਸਿੰਘ ਸੈਣੀ ਦੀ ਅਗਵਾਈ 'ਚ 'ਹਿੰਦ ਦੀ ਚਾਦਰ' ਯਾਤਰਾ ਦਾ ਆਗਾਜ਼



ਰਾਜੀਵ ਗਾਂਧੀ, ਚੰਦਰਪਾਲ ਅੱਤਰੀ

ਡੇਰਾਬੱਸੀ, ਲਾਲੜੂ/2 ਨਵੰਬਰ: ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ 'ਹਿੰਦ ਦੀ ਚਾਦਰ ਯਾਤਰਾ' ਤਹਿਤ ਹਲਕਾ ਡੇਰਾਬੱਸੀ ਤੋਂ ਸੰਗਤਾਂ ਦਾ ਪਹਿਲਾ ਜਥਾ 20 ਬੱਸਾਂ ਰਾਹੀਂ ਦਿੱਲੀ ਸਥਿਤ ਇਤਿਹਾਸਕ ਗੁਰਧਾਮਾਂ ਸ੍ਰੀ ਸੀਸ ਗੰਜ ਸਾਹਿਬ ਅਤੇ ਸ੍ਰੀ ਰਕਾਬ ਗੰਜ ਸਾਹਿਬ ਦੇ ਦਰਸ਼ਨਾਂ ਲਈ ਰਵਾਨਾ ਹੋਇਆ।

ਇਸ ਧਾਰਮਿਕ ਯਾਤਰਾ ਦੀ ਅਗਵਾਈ ਭਾਜਪਾ ਓਬੀਸੀ ਮੋਰਚਾ ਪੰਜਾਬ ਦੇ ਮੀਤ ਪ੍ਰਧਾਨ ਅਤੇ ਹਲਕਾ ਡੇਰਾਬੱਸੀ ਦੇ ਸੇਵਾਦਾਰ ਗੁਰਦਰਸ਼ਨ ਸਿੰਘ ਸੈਣੀ ਨੇ ਕੀਤੀ।

ਪਿੰਡ ਬੱਲੋਪੁਰ, ਭਾਂਖਰਪੁਰ, ਛੱਤ, ਡੇਰਾਬੱਸੀ, ਹੈਬਤਪੁਰ, ਹੰਸਾਲਾ, ਹੰਬੜਾ, ਕਿਸ਼ਨਪੁਰਾ, ਮਹਿਮਦਪੁਰ, ਨਾਭਾ ਸਾਹਿਬ, ਨਗਲਾ, ਰਾਜੋ ਮਾਜਰਾ, ਰਾਣੀ ਮਾਜਰਾ, ਸਨੌਲੀ, ਸਾਰੰਗਪੁਰ, ਸਵਾਸਤਿਕ ਵਿਹਾਰ ਅਤੇ ਤਸਿੰਬਲੀ ਸਮੇਤ ਵੱਖ-ਵੱਖ ਇਲਾਕਿਆਂ ਤੋਂ ਸੰਗਤਾਂ ਗੁਰੂ ਸਾਹਿਬ ਦੇ ਪਵਿੱਤਰ ਅਸਥਾਨਾਂ ਦੇ ਦਰਸ਼ਨਾਂ ਲਈ ਰਵਾ ਨਾ ਹੋਈਆਂ।


ਇਸ ਤੋਂ ਪਹਿਲਾਂ ਸ. ਸੈਣੀ ਵੱਲੋਂ ਨਵਰਾਤਰਿਆਂ ਦੌਰਾਨ ਮਾਤਾ ਜਵਾਲਾ ਜੀ ਦੇ ਦਰਬਾਰ ਤੋਂ ਲਿਆਂਦੀ ਪਾਵਨ ਜੋਤ ਦੇ ਦਰਸ਼ਨਾਂ ਲਈ 'ਸਾਂਝ ਦੀ ਜੋਤ ਯਾਤਰਾ' ਦਾ ਆਯੋਜਨ ਕੀਤਾ ਗਿਆ ਸੀ। ਉਸੇ ਲੜੀ ਨੂੰ ਅੱਗੇ ਵਧਾਉਂਦਿਆਂ ਹੁਣ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ ਇਹ ਯਾਤਰਾ ਸ਼ੁਰੂ ਕੀਤੀ ਗਈ ਹੈ। ਸ. ਸੈਣੀ ਵੱਲੋਂ ਇਹ ਯਾਤਰਾ ਆਪਣੀ ਕਿਰਤ-ਕਮਾਈ ਵਿੱਚੋਂ ਸੇਵਾ ਦੇ ਭਾਵ ਨਾਲ ਕਰਵਾਈ ਜਾ ਰਹੀ ਹੈ। ਯਾਤਰਾ ਨੂੰ ਚਾਰ ਪੜਾਵਾਂ ਵਿੱਚ ਪੂਰਾ ਕੀਤਾ ਜਾਵੇਗਾ। ਯਾਤਰਾ ਦੌਰਾਨ ਸੰਗਤਾਂ ਦੇ ਆਉਣ-ਜਾਣ ਦੇ ਨਾਲ-ਨਾਲ ਖਾਣ-ਪੀਣ ਦਾ ਪ੍ਰਬੰਧ ਵੀ ਸ. ਸੈਣੀ ਵੱਲੋਂ ਕੀਤਾ ਜਾਵੇਗਾ।

ਇਸ ਮੌਕੇ ਉਨ੍ਹਾਂ ਦੇ ਸਪੁੱਤਰ ਹਰਦੀਪ ਸਿੰਘ ਸੈਣੀ, ਜ਼ਿਲ੍ਹਾ ਓਬੀਸੀ ਮੋਰਚਾ ਪ੍ਰਧਾਨ ਹਰਪ੍ਰੀਤ ਸਿੰਘ ਸੈਣੀ, ਪੁਸ਼ਪਿੰਦਰ ਮਹਿਤਾ, ਸਨੰਤ ਭਾਰਦਵਾਜ, ਗੁਲਜ਼ਾਰ ਸਿੰਘ ਟਿਵਾਣਾ, ਦਿਆਲ ਸੈਣੀ, ਮਲਕੀਤ ਸੈਣੀ, ਬਲਵਿੰਦਰ ਰਾਣਾ ਨਵੀਨ ਸ਼ਰਮਾ, ਰਾਜੇਸ਼, ਮੋਨੂੰ ਸ਼ਰਮਾ ਅਤੇ ਵੱਡੀ ਗਿਣਤੀ ਵਿਚ ਪਤਵੰਤੇ ਮੌਜੂਦ ਸਨ।

ਚੌਧਰੀ ਸ਼ਿਆਮ ਲਾਲ ਮਾਜਰੀਆ ਦੇ ਭਾਜਪਾ 'ਚ ਜਾਣ ਨਾਲ ਹਲਕਾ ਖਰੜ ਦੀ ਸਿਆਸਤ 'ਚ ਛਿੜੇ ਨਵੇਂ ਚਰਚੇ

ਅਵਤਾਰ ਨਗਲੀਆਂ

ਮਾਜਰੀ/ਮੁੱਲਾਂਪੁਰ ਗ਼ਰੀਬਦਾਸ/2 ਨਵੰਬਰ: ਹਲਕਾ ਖਰੜ ਦੀ ਸਿਆਸਤ ਵਿੱਚ ਇਨ੍ਹੀਂ ਦਿਨੀਂ ਨਵੇਂ ਚਰਚਿਆਂ ਨੇ ਜਨਮ ਲੈ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਆਖ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ ਗੁੱਜਰ ਸਮਾਜ ਦੇ ਪ੍ਰਮੁੱਖ ਆਗੂ ਚੌਧਰੀ ਸ਼ਿਆਮ ਲਾਲ ਮਾਜਰੀਆ ਦੇ ਸਿਆਸੀ ਫੈਸਲੇ ਨੂੰ ਹਲਕੇ ਦੀ ਰਾਜਨੀਤੀ ਵਿੱਚ ਇੱਕ ਅਹਿਮ ਘਟਨਾਕ੍ਰਮ ਵਜੋਂ ਦੇਖਿਆ ਜਾ ਰਿਹਾ ਹੈ। ਉਨ੍ਹਾਂ ਦੇ ਪਾਰਟੀ ਬਦਲਣ ਨਾਲ ਨਾ ਸਿਰਫ਼ ਅਕਾਲੀ ਦਲ ਦੇ ਸਿਆਸੀ ਹਲਕਿਆਂ ਵਿੱਚ ਚਰਚਾ ਛਿੜੀ ਹੋਈ ਹੈ, ਸਗੋਂ ਭਾਜਪਾ ਦੇ ਖੇਮੇ ਵਿੱਚ ਵੀ ਨਵੀਂ ਉਮੀਦ ਅਤੇ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਸਿਆਸੀ ਜਾਣਕਾਰਾਂ ਦੀ ਨਜ਼ਰ ਹੁਣ ਇਸ ਗੱਲ ਉੱਤੇ ਟਿਕੀ ਹੋਈ ਹੈ ਕਿ ਚੌਧਰੀ ਸ਼ਿਆਮ ਲਾਲ ਮਾਜਰੀਆ ਦੀ ਨਵੀਂ



ਵਿੱਚ ਸਮਾਜਿਕ ਆਧਾਰ ਰੱਖਣ ਵਾਲੇ ਆਗੂਆਂ ਦੀ ਭੂਮਿਕਾ ਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ। ਚੋਣਾਂ ਦੌਰਾਨ ਪਾਰਟੀਆਂ ਦੇ ਚੋਣ ਨਿਸ਼ਾਨ ਦੇ ਨਾਲ-ਨਾਲ ਉਮੀਦਵਾਰ ਦੀ ਨਿੱਜੀ ਪਛਾਣ, ਲੋਕਾਂ ਨਾਲ ਸਬੰਧ, ਸਮਾਜਿਕ ਪਹੁੰਚ ਅਤੇ ਇਲਾਕੇ ਵਿੱਚ ਕੀਤੇ ਕੰਮ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਚੌਧਰੀ ਸ਼ਿਆਮ ਲਾਲ ਮਾਜਰੀਆ ਦੀ ਸਿਆਸੀ ਪਛਾਣ ਵੀ ਇਸੇ ਤਰ੍ਹਾਂ ਦੀ

ਨਾਲ ਜੁੜਨਾ ਪਾਰਟੀ ਲਈ ਸਮਾਜਿਕ ਪੱਧਰ ਉੱਤੇ ਆਪਣੀ ਪਹੁੰਚ ਵਧਾਉਣ ਦਾ ਮੌਕਾ ਬਣ ਸਕਦਾ ਹੈ।

ਹਲਕਾ ਖਰੜ ਦੀ ਸਿਆਸਤ ਵਿੱਚ ਵੱਖ-ਵੱਖ ਪਾਰਟੀਆਂ ਦੇ ਆਗੂਆਂ ਅਤੇ ਸਮਾਜਿਕ ਜਥੇਬੰਦੀਆਂ ਦੀ ਆਪਣੀ-ਆਪਣੀ ਭੂਮਿਕਾ ਰਹੀ ਹੈ। ਇੱਥੇ ਸਥਾਨਕ ਮੁੱਦੇ, ਵਿਕਾਸ ਕਾਰਜ, ਪਿੰਡਾਂ ਦੀਆਂ ਸਮੱਸਿਆਵਾਂ, ਨੌਜਵਾਨਾਂ ਲਈ ਰੁਜ਼ਗਾਰ, ਕਿਸਾਨੀ ਅਤੇ ਸ਼ਹਿਰੀ ਖੇਤਰਾਂ ਦੀਆਂ ਲੋੜਾਂ ਹਮੇਸ਼ਾ ਚੋਣ ਰਾਜਨੀਤੀ ਨੂੰ ਪ੍ਰਭਾਵਿਤ ਕਰਦੀਆਂ ਹਨ। ਅਜਿਹੇ ਮਾਹੌਲ ਵਿੱਚ ਜੇਕਰ ਚੌਧਰੀ ਮਾਜਰੀਆ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਲੋਕਾਂ ਵਿਚਕਾਰ ਸਰਗਰਮ ਰਹਿੰਦੇ ਹਨ ਤਾਂ ਉਨ੍ਹਾਂ ਦੀ ਨਵੀਂ ਸਿਆਸੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਸਕਦੀ ਹੈ।

ਇਸ ਸਮੇਂ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਚੌਧਰੀ ਸ਼ਿਆਮ ਲਾਲ ਮਾਜਰੀਆ ਦਾ ਭਾਜਪਾ ਵਿੱਚ ਕੀ ਉਨ੍ਹਾਂ ਦੀ ਆਮਦ ਨਾਲ ਭਾਜਪਾ ਆਪਣੇ ਪੁਰਾਣੇ ਸਮਾਜਿਕ ਅਤੇ ਸਿਆਸੀ ਆਧਾਰ ਨੂੰ ਹੋਰ ਮਜ਼ਬੂਤ ਕਰ ਸਕੇਗੀ? ਕੀ ਅਕਾਲੀ ਦਲ ਇਸ ਘਟਨਾਕ੍ਰਮ ਤੋਂ ਬਾਅਦ ਆਪਣੇ ਸਥਾਨਕ ਸੰਗਠਨ ਨੂੰ ਨਵੀਂ ਦਿਸ਼ਾ ਦੇਵੇਗਾ? ਇਨ੍ਹਾਂ ਸਵਾਲਾਂ ਦੇ ਜਵਾਬ ਆਉਣ ਵਾਲੇ ਦਿਨਾਂ ਵਿੱਚ ਚੌਧਰੀ ਮਾਜਰੀਆ ਦੀਆਂ ਸਰਗਰਮੀਆਂ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੀ ਰਣਨੀਤੀ ਤੋਂ ਮਿਲਣਗੇ।

ਫਿਲਹਾਲ ਇੰਨਾ ਤੈਅ ਹੈ ਕਿ ਚੌਧਰੀ ਸ਼ਿਆਮ ਲਾਲ ਮਾਜਰੀਆ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਹਲਕਾ ਖਰੜ ਦੀ ਸਿਆਸਤ ਵਿੱਚ ਚਰਚਾ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਹੈ। ਉਨ੍ਹਾਂ ਦਾ ਅਗਲਾ ਸਿਆਸੀ ਕਦਮ ਕੀ ਹੋਵੇਗਾ ਅਤੇ ਉਹ ਆਪਣੇ ਸਮਾਜਿਕ ਤੇ ਸਿਆਸੀ ਪ੍ਰਭਾਵ ਨੂੰ ਕਿਸ ਤਰ੍ਹਾਂ ਲੋਕ ਹਿੱਤਾਂ ਲਈ ਵਰਤਦੇ ਹਨ, ਇਸ ਉੱਤੇ ਇਲਾਕੇ ਦੇ ਲੋਕਾਂ ਅਤੇ ਸਿਆਸੀ



सेन्ट्रल बैंक ऑफ़ इंडिया
Central Bank of India

ਸੈਂਟਰਲ ਬੈਂਕ ਆਫ ਇੰਡੀਆ
ਬ੍ਰਾਂਚ ਦਫਤਰ: ਐਸਏਐਮ ਬ੍ਰਾਂਚ, ਐਸਸੀਓ ਨੰਬਰ 58-59, ਤੀਜੀ ਮੰਜਿਲ ਬੈਂਕ ਸਕੁਏਅਰ, ਸੈਕਟਰ-17 ਬੀ, ਚੰਡੀਗੜ੍ਹ-160017, ਮੋਬਾ: 9982768600, ਈ-ਮੇਲ: samvbchanzo@centralbank.bank.in

ਈ-ਨਿਲਾਮੀ ਵਿਕਰੀ ਨੋਟਿਸ

ਸਾਰਣੀ-4-ਏ
(ਰੂਲ 8(2) ਦੀਆਂ ਤਜਵੀਜ਼ਾਂ ਵੇਖੋ)
ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ

ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨਾਂਸ਼ੀਅਲ ਅਸੈਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਜਿਸ ਨੂੰ ਸਕਿਊਰਿਟੀ ਇੰਟਰਸਟ (ਇਨਫੋਰਸਮੈਂਟ) ਰੂਲ 2002 ਦੇ ਰੂਲ 6(2) ਦੀਆਂ ਤਜਵੀਜ਼ਾ ਨਾਲ ਪੜ੍ਹਿਆ ਜਾਵੇ ਤਹਿਤ ਚੱਲ ਜਾਇਦਾਦ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨ ਸਾਧਾਰਨ ਅਤੇ ਖਾਸਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਦਰਸ਼ਾਈ ਅਚੱਲ ਜਾਇਦਾਦ ਜੋ ਕਿ ਸੈਂਟਰਲ ਬੈਂਕ ਆਫ਼ ਇੰਡੀਆ (ਸੁਰੱਖਿਅਤ ਲੈਣਦਾਰ) ਕੋਲ ਗਿਰਵੀ/ਚਾਰਜਡ ਹੈ ਜਿਸ ਦਾ ਸੈਂਟਰਲ ਬੈਂਕ ਆਫ਼ ਇੰਡੀਆ (ਸੁਰੱਖਿਅਤ ਲੈਣਦਾਰ) ਅਧਿਕਾਰਤ ਅਫਸਰ ਨੇ ਭੌਤਿਕ ਕਬਜਾ ਲੈ ਲਿਆ ਸੀ ਨੂੰ ਹੇਠ ਦਰਸ਼ਾਏ ਕਰਜਦਾਰਾਂ ਅਤੇ ਗਰੰਟਰਾਂ ਵੱਲੋਂ ਸੈਂਟਰਲ ਬੈਂਕ ਆਫ਼ ਇੰਡੀਆ (ਸੁਰੱਖਿਅਤ ਲੈਣਦਾਰ) ਦੇ ਵੱਲ ਬਕਾਇਆ ਰਕਮ ਦੀ ਵਸੂਲੀ ਲਈ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ' ਅਤੇ 'ਜੋ ਕੁਝ ਹੈ ਉਥੇ ਹੈ' ਦੇ ਆਧਾਰ 'ਤੇ ਮਿਤੀ 25.11.2026 ਨੂੰ ਬਾਅਦ ਦੁਪਹਿਰ 1:00 ਵਜੇ ਤੋਂ ਸ਼ਾਮ 4:00 ਵਜੇ ਦਰਮਿਆਨ ਵੇਚੀ ਜਾਵੇਗੀ। ਜਾਇਦਾਦ ਦੀ ਰਾਖਵੀਂ ਕੀਮਤ ਅਤੇ ਬਿਆਨਾ ਰਾਸ਼ੀ ਜਮਾਂ (ਈਐਮਡੀ) ਹੇਠ ਦਰਸ਼ਾਈਆਂ ਗਈਆਂ ਹਨ।

ਬਰਾਂਚ- ਸਟਰੈਸਡ ਐਸਟਸ ਮੈਨੇਜਮੈਂਟ (ਐਸਏਐਮ) ਬਰਾਂਚ, ਚੰਡੀਗੜ੍ਹ, ਮੋਬਾ: 9982768600
ਈ-ਮੇਲ: samvbchanzo@centralbank.bank.in

ਕਰਜਦਾਰਾਂ/ਗਰੰਟਰਾਂ ਅਤੇ ਬਰਾਂਚ ਦਾ ਨਾਮ ਅਤੇ ਪਤਾ	ਜਾਇਦਾਦ/ਸੁਰਖਿਅਤ ਜਾਇਦਾਦ ਅਤੇ ਜਾਇਦਾਦ ਦੇ ਮਾਲਕ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ / ਬਕਾਇਆ ਰਕਮ / ਕਬਜਾ ਨੋਟਿਸ ਦੀ ਮਿਤੀ	ਰਾਖ਼ਵੀਂ ਕੀਮਤ / ਈਐਮਡੀ / ਬੋਲੀ ਵਾਧਾ ਰਕਮ
ਕਰਜਦਾਰ : ਮੈਸ. ਰੋਜ਼ੀ ਹੋਜ਼ਰੀ ਮਿੱਲਜ, ਹਿੱਸੇਦਾਰ 1) ਸਵ. ਸ਼੍ਰੀ ਕੇਵਲ ਕਾਲੜਾ (ਰਾਹੀਂ ਕਾਨੂੰਨੀ ਪ੍ਰਤੀਨਿਧੀ), 2. ਸ਼੍ਰੀ ਰਾਹੁਲ ਕਾਲੜਾ ਰਜਿ. ਦਫ਼ਤਰ-144, ਦੀਵਾਨ ਨਿਹਾਲ ਚੰਦ ਰੋਡ, ਸਿਵਲ ਲਾਈਨਜ਼, ਲੁਧਿਆਣਾ 141001 (ਗਰੰਟਰ) ਸਵ. ਸ਼੍ਰੀ ਕੇਵਲ ਕਾਲੜਾ (ਰਾਹੀਂ ਕਾਨੂੰਨੀ ਪ੍ਰਤੀਨਿਧੀ) ਸ਼੍ਰੀ ਰਾਹੁਲ ਕਾਲੜਾ ਮੈਸ. ਰੋਜ਼ੀ ਨਿੱਟਵੇਅਰ (ਰਾਹੀਂ ਇਸ ਦੇ ਪ੍ਰੋਪਰਾਈਟਰ) : ਸਵ. ਸ਼੍ਰੀ ਕੇਵਲ ਕਾਲੜਾ (ਰਾਹੀਂ ਕਾਨੂੰਨੀ ਪ੍ਰਤੀਨਿਧੀ)	ਫੈਕਟਰੀ ਜ਼ਮੀਨ ਅਤੇ ਇਮਾਰਤ ਮੈਸ. ਰੋਜ਼ੀ ਹੋਜ਼ਰੀ ਮਿੱਲਜ਼ : 1 ਜਾਇਦਾਦ ਜਿਸ ਦਾ ਐਮਸੀ ਨੰ ਬੀ-19-144 ਜੋ ਕਿ ਜਮੀਨ ਮਿਣਤੀ 845 ਵਰਗ ਗਜ ਵਿਚੋਂ ਮਿਣਤੀ 422.5 ਵਰਗ ਗਜ ਜਿਸ ਦਾ ਖਾਤਾ ਨੰ 511/574, ਖਸਰਾ ਨੰ 1508/1037/883/456-457 ਰਾਹੀਂ ਜਮਾਂਬੰਦੀ ਸਾਲ 1983-84 ਵਾਕਿਆ ਤਰਫ ਗਹਲੇਵਾਲ, ਹਦਬਸਤ ਨੰ 166, ਦੀਵਾਨ ਨਿਹਾਲ ਚੰਦ ਰੋਡ, ਸਿਵਲ ਲਾਈਨ ਲੁਧਿਆਣਾ ਜੋ ਕਿ ਮੈਸ. ਰੋਜ਼ੀ ਹੋਜਰੀ ਮਿੱਲਸ ਦੇ ਨਾਂ ਹੈ, ਰਾਹੀਂ ਇਸ ਦੇ ਹਿਸੇਦਾਰ ਰਾਹੀਂ ਵਸੀਕਾ ਨੰ 4226 ਮਿਤੀ 19.05.1989 2. ਜਾਇਦਾਦ ਜਿਸ ਦਾ ਐਮਸੀ ਨੰ ਬੀ-19-144 ਜੋ ਕਿ ਜਮੀਨ ਮਿਣਤੀ 845 ਵਰਗ ਗਜ ਵਿਚੋਂ ਮਿਣਤੀ 422.5 ਵਰਗ ਗਜ ਜਿਸ ਦਾ ਖਾਤਾ ਨੰ 511/574, ਖਸਰਾ ਨੰ 1508/1037/883/456-457 ਰਾਹੀਂ ਜਮਾਂਬੰਦੀ ਸਾਲ 1983-84 ਵਾਕਿਆ ਤਰਫ ਗਹਲੇਵਾਲ, ਹਦਬਸਤ ਨੰ 166, ਦੀਵਾਨ ਨਿਹਾਲ ਚੰਦ ਰੋਡ ਸਿਵਲ ਲਾਈਨ, ਲੁਧਿਆਣਾ ਜੋ ਕਿ ਮੈਸ. ਰੋਜ਼ੀ ਨਿਟਵੀਅਰਜ ਦੇ ਨਾਂ ਹੈ, ਰਾਹੀਂ ਇਸ ਦੇ ਪ੍ਰਾਪਰਾਈਟਰ ਸ੍ਰੀ ਕੇਵਲ ਕ੍ਰਿਸ਼ਨ ਕਾਲੜਾ ਰਾਹੀਂ ਵਸੀਕਾ ਨੰ 4416 ਮਿਤੀ 22.5.1989, ਚਾਰਦੀਵਾਰੀ : ਉਤਰ : ਨਿਹਾਲ ਚੰਦ ਰੋਡ, ਦੱਖਣ : ਗੁਆਂਢੀ, ਪੂਰਬ : ਮਾਲਕ ਦੀ ਜਾਇਦਾਦ, ਪੱਛਮ : ਰੋਹਿਤ ਸੈਣੀ।	31.05.2022 Rs. 14,37,19,470/- + ਵਿਆਜ ਅਤੇ ਹੋਰ ਖਰਚੇ 01.08.2022 (ਸੰਕੇਤਿਕ) 18.04.2024 (ਭੌਤਿਕ)	Rs. 5,00,00,000/- Rs. 50,00,000/- Rs. 1,00,000/-

ਈ-ਨਿਲਾਮੀ ਦੀ ਮਿਤੀ 25.11.2026 ਦੁਪਹਿਰ 1:00 ਤੋਂ ਸ਼ਾਮ 4:00 ਵਜੇ ਦਰਮਿਆਨ 10 ਮਿੰਟ ਦੇ ਅਸੀਮਿਤ ਵਾਧੇ ਨਾਲ
ਵਾਲਟ ਵਿਖੇ ਈਐਮਡੀ ਜਮਾਂ ਕਰਵਾਉਣ ਦੀ ਮਿਤੀ: 21.11.2026 (ਸਵੇਰੇ 10:00 ਵਜੇ ਤੋਂ)
ਜਾਇਦਾਦ ਦੇ ਨਿਰੀਖਣ ਦੀ ਮਿਤੀ: 21.11.2026 ਦੁਪਹਿਰ 12:00 ਵਜੇ ਤੋਂ ਦੁਪਹਿਰ 02:00 ਵਜੇ ਦਰਮਿਆਨ
ਚਾਹਵਾਨ ਬੋਲੀਕਾਰ ਵੈਬਸਾਈਟ https://baanknet.com 'ਤੇ ਰਜਿਸਟਰਡ ਕਰਨ ਅਤੇ ਆਪਣੇ ਕੇਵਾਈਸੀ ਦਸਤਾਵੇਜ਼ ਅਪਲੋਡ ਕਰਨ ਅਤੇ ਸੇਵਾਪ੍ਰਦਾਤਾ ਦੁਆਰਾ ਕੇਵਾਈਸੀ